# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ)
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 77551-571
ਮਿਤੀ,ਚੰਡੀਗੜ੍ਹ : 11-04-2012

**ਵਿਸ਼ਾ:- ਵਿਦਿਆਰਥੀਆਂ ਵਿੱਚ ਨਸ਼ਾ ਵਿਰੋਧੀ ਮੁਹਿੰਮ ਚਲਾਉਣ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਸਮੇਂ-ਸਮੇਂ ਅਤੇ ਰੋਜਾਨਾ ਜਿੰਦਗੀ ਵਿੱਚ, ਆਪਣੇ ਆਂਢ-ਗੁਆਂਢ ਅਤੇ ਅਖਬਾਰਾਂ ਰਾਹੀਂ ਦੇਖਣ ਵਿੱਚ ਆ ਰਿਹਾ ਹੈ ਕਿ ਕਿਸ਼ੋਰ ਅਵਸਥਾ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਸਬੰਧੀ ਰੁਝਾਣ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ ਅਜੋਕੇ ਸਮੇਂ ਲਈ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ।ਇਸ ਲਈ ਇਸ ਰੁਝਾਣ ਨੂੰ ਰੋਕਣ ਲਈ ਸਕੂਲ ਪੱਧਰ ਤੇ ਪੜਾਈ ਦੇ ਨਾਲ -ਨਾਲ ਹੇਠ ਲਿਖੇ ਕਦਮ ਚੁੱਕੇ ਜਾਣ:-

**2.1** **ਸਵੇਰ ਦੀ ਸਭਾ:-** ਹਫ਼ਤੇ ਵਿੱਚ ਦੋ ਵਾਰ ਬੁੱਧਵਾਰ ਅਤੇ ਸ਼ਨੀਵਾਰ ਨੂੰ ਸਕੂਲ ਮੁੱਖੀ/ ਹਾਊਸ ਮਾਸਟਰ ਜਾਂ ਅਧਿਆਪਕ ਵਲੋਂ ਨਸ਼ਿਆਂ ਦੇ ਭੈੜੇ ਪ੍ਰਭਾਵ ਬਾਰੇ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ ਤੇ ਦੱਸਿਆ ਜਾਵੇ।

**2.2** **Slogan writing :-** ਸਕੂਲ ਦੇ ਅਨਮੋਲ ਵਚਨਾਂ ਵਾਲੇ ਸੂਚਨਾ ਬੋਰਡ ਤੇ ਰੋਜਾਨਾ ਕੋਈ ਨਸ਼ੇ ਵਿਰੋਧੀ, ਕੋਟੇਸ਼ਨ (quotation)ਲਿਖੀ ਜਾਵੇ ਅਤੇ ਮਹੀਨੇ ਦੇ ਆਖੀਰ ਵਿੱਚ ਕਿਸੇ ਇੱਕ ਦਿਨ ਉਹਨਾਂ slogans ਦਾ ਦੱਸ ਮਿੰਟ ਦਾ ਲਿਖਿਤ ਮੁਕਾਬਲਾ ਕਰਵਾਇਆ ਜਾਵੇ।ਸਭ ਤੋਂ ਜਿਆਦਾ ਸਲੋਗਨ ਲਿੱਖਣ ਵਾਲੇ ਵਿਦਆਰਥੀਆਂ ਨੂੰ ਛੋਟਾ-ਮੋਟਾ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇ।

**2.3** **ਬਾਲ ਸਭਾ:-** ਮਹੀਨੇ ਦੇ ਅਖੀਰਲੇ ਦਿਨ,ਬਾਲ ਸਭਾ ਵਿੱਚ ਨਸ਼ਾ ਵਿਰੋਧੀ ,ਕੋਈ ਸਕਿਟ,ਕਵਿਤਾ ਉਚਾਰਣ ,ਭਾਸ਼ਣ ,ਫੈਸੀ ਡਰੈਸ,ਨਸ਼ੇ ਵਿਰੋਧੀ ਸਿੱਖਿਆ ਭਾਸ਼ਣ /ਗੀਤ ਆਦਿ ਛੋਟੀਆਂ -ਛੋਟੀਆਂ events ਕਰਵਾਈਆਂ ਜਾਣ।

**2.4** **<u>Mass Rallies:-</u>** ਸਕੂਲਾਂ ਦੇ ਵਿਦਿਆਰਥੀਆਂ ਨੂੰ Anti drug day ਜਾਂ Anti tabaco day ਵਾਲੇ ਦਿਨ ਸਮੂਹ ਸਕੂਲਾਂ ਦੇ ਵਿਦਿਆਂਰਥੀਆਂ ਨੂੰ

1. Anti Tabaco day - 31 May
2. International drug abuse day - 26 June ਜਾਂ ਛੁੱਟੀਆਂ ਤੋਂ ਬਾਅਦ ਕਿਸੇ ਨਿਸ਼ਚਿਤ ਦਿਨ

ਇਹਨਾਂ ਦਿਨਾਂ ਦੌਰਾਨ ਸਮੂਹ ਵਿਦਿਆਰਥੀਆਂ ਨੂੰ ਅਧਿਆਪਕਾਂ ਦੀ ਦੇਖ ਰੇਖ ਵਿੱਚ ਆਪਣੇ ਪਿੰਡ ਦੇ ਨੇੜੇ ਦੇ ਏਰੀਆ ਵਿੱਚ ਰੈਲੀ ਕੱਢੀ ਜਾਵੇ। ਉਸ ਲਈ ਬਕਾਇਦਾ ਛੋਟੇ-ਛੋਟੇ ਸਲੋਗਨਾ ਦੀਆਂ ਤਖਤੀਆਂ ਬਣਾ ਕੇ ਵਿਦਿਆਰਥੀਆਂ ਨੂੰ ਪਕੜਾਈਆਂ ਜਾਣ ਅਤੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ ਜਾਵੇ।

**2.5** **<u>Poster Making</u> :-** ਸਮੇਂ-ਸਮੇਂ ਤੇ ਸਕੂਲਾਂ ਵਿੱਚ ਨਸ਼ੇ ਦੇ ਵਿਰੁੱਧ ਛੁੱਟੀਆਂ ਤੋਂ ਬਾਅਦ ਪੋਸਟਰ ਮੇਕਿੰਗ ,ਕਾਰਟੂਨ ਮੇਕਿੰਗ,ਸਕੈਚ ਮੁਕਾਬਲੇ ਕਰਵਾਏ ਜਾਣ।

**2.6** **<u>Constructive & Innovative work to students & participation in Sports</u> :-** ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਸਿਰਜਨਾਤਮਕ ਪ੍ਰੋਜੈਕਟ ਰੱਖ ਕੇ , ਖੇਡਾ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਕੇ, ਉਹਨਾਂ ਵਿੱਚ ਪਾਈ ਜਾਣ ਵਾਲੀ positive energy ਨੂੰ ਚੰਗੇ ਕੰਮਾਂ ਵਿੱਚ ਲਾਈ ਰੱਖਣ ਲਈ ਪ੍ਰੇਰਿਆ ਜਾਵੇ ਅਤੇ ਛੋਟੇ-ਛੋਟੇ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਉਹ ਨਸ਼ਿਆਂ ਤੋਂ ਬੱਚ ਸੱਕਣ।

**2.7** **<u>Adolescent Stage:-</u>** ਅਧਿਆਪਕਾਂ ਨੂੰ ਵਿਸ਼ੇਸ਼ ਕਰਕੇ ਕਿਸ਼ੋਰ ਅਵਸਥਾ ਵਿੱਚ ਛੇਵੀਂ ਤੋਂ ਦੱਸਵੀਂ ਦੇ ਵਿਦਿਆਰਥੀਆਂ ਨਾਲ guide /ਮਿਤਰ /ਵੱਡੇ ਭੈਣ ਭਰਾਵਾਂ ਵਾਂਗ ਵਤੀਰਾ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਆਪਣੀਆਂ ਉਲਝਣਾ ਨੂੰ ਬੇਝਿੱਜਕ ਅਧਿਆਪਕਾਂ ਨਾਲ ਸਾਂਝਾ ਕਰ ਸਕੇ।

**2.8** **<u>Counselling Cell:-</u>** ਜੇਕਰ ਕੋਈ ਬੱਚਾ ਨਸ਼ੇ ਦੀ ਮਾੜੀ ਆਦਤ ਵਿੱਚ ਫਸ ਜਾਂਦਾ ਹੈ ਤਾਂ ਉਸ ਦੀ ਕਾਊਸਲਿੰਗ ਮੁੱਖੀ/ ਅਧਿਆਪਕ ਵਲੋਂ ਕੀਤੀ ਜਾਵੇ ਤਾਂ ਜੋ ਵਿਦਿਆਰਥੀ ਆਪਣੇ ਆਪ ਨੂੰ ਦੂਸਰੇ ਬੱਚਿਆਂ ਤੋਂ ਵੱਖਰਾ ਨਾ ਮਹਿਸੂਸ ਕਰਨ ।

**2.9** **<u>Notice Board ਦੀ ਤਿਆਰੀ:-</u>** ਸਹੀਂ ਸਮੇਂ ਤੇ ਨਸ਼ੇ ਪ੍ਰਤੀ ਪਾਏ ਜਾਣ ਵਾਲੇ ਮਾੜੇ ਨਤੀਜਿਆਂ ਅਤੇ ਇਸ ਨੂੰ ਹੱਲ ਕਰਨ ਵਾਲੀ ਬਿਮਾਰੀਆਂ ਦੀ ਕਟਿੰਗਜ਼,ਇਲਾਜ ਬਾਰੇ ਸੂਚਨਾ ਤਿਆਰ ਕਰਵਾਇਆ ਜਾ ਸਕਦਾ ਹੈ ।

**2.10** **<u>Interaction with scholastic Persons/Doctor/ਮਨੋਵਿਗਿਆਨੀ:-</u>** ਸਵੇਰ ਦੀ ਸਭਾ ਵਿੱਚ ਵਿਦਵਾਨ/ ਡਾਕਟਰ/ਮਨੋਵਿਗਿਆਨੀ ਨਾਲ ਵਿਦਿਆਰਥੀਆਂ ਦੀ interaction

ਕਰਵਾਈ ਜਾਵੇ ਤਾਂ ਜੋ ਵਿਦਿਆਰਥੀ ਇਸ ਤੋਂ ਪ੍ਰਭਾਵਿਤ ਹੋ ਕੇ ਆਪਣੇ ਜੀਵਣ ਵਿੱਚ ਚੰਗੀਆਂ ਆਦਤਾ ਨੂੰ ਸ਼ਾਮਿਲ ਕਰ ਸਕੇ।

2.11 **Balance Diet:-** ਸਮੇਂ-ਸਮੇਂ ਤੇ ਵਿਦਿਆਰਥੀਆਂ ਨੂੰ ਸੰਤੁਲਿਤ ਆਹਾਰ ਲੈਣ ਬਾਰੇ ਜੋਰ ਦਿੱਤਾ ਜਾ ਸਕਦਾ ਹੈ ਤਾਂ ਜੋ ਵਿਦਿਆਰਥੀ ਚੰਗਾ ਸੋਚ ਸੱਕਣ।

2.12 **Moral Education :-** ਪੜਾਈ ਦੇ ਨਾਲ ਵਿਦਿਆਰਥੀਆਂ ਨੂੰ ਜਿੰਦਗੀ ਵਿੱਚ ਫੇਲ ਜਾਂ ਹਾਰ ਜਾਣ ਦੇ ਨਤੀਜਿਆਂ ਨੂੰ sportsman ਦੀ ਤਰ੍ਹਾਂ ਸਵੀਕਾਰ ਕਰ ਲੈਣ ਦੀ ਪਰਵਿਰਤੀ ਬਾਰੇ ਸਿੱਖਿਆ ਦਿੱਤੀ ਜਾਵੇ ਨਾ ਕਿ ਨਸ਼ਿਆਂ ਵਿੱਚ ਉਲਝਣਾ ਇਸ ਦਾ ਹਲ ਹੈ ਦੱਸਿਆ ਜਾਵੇ।ਚੰਗੀਆਂ ਕਿਤਾਬਾਂ ਪੜਨ ਲਈ ਪ੍ਰੇਰਿਆ ਜਾਵੇ।

2.13 **ਖੁਸ਼ੀ ਦੇ ਮੌਕਿਆਂ ਤੇ :** ਆਪਣੇ ਘਰ ਪਰਿਵਾਰ ਵਿੱਚ ਖੁਸ਼ੀ ਦੇ ਮੌਕਿਆ ਤੇ ਦੂਸਰਿਆ ਦੀ ਮਦਦ ਕਰਕੇ ਖੁਸ਼ੀਆਂ ਸਾਝੀਆਂ ਕੀਤੀਆਂ ਜਾਣ ਨਾ ਕਿ ਨਸ਼ੇ ਕਰਕੇ ਸਾਂਝੀਆਂ ਕੀਤੀਆਂ ਜਾਣ ,ਬਾਰੇ ਪ੍ਰੇਰਿਤ ਕੀਤਾ ਜਾਵੇ।

2.14 **Documentary Film:-** ਨਸ਼ਿਆ ਤੋਂ ਬੱਚਣ ਜਾਂ ਇਸ ਤੇ ਜਿੱਤ ਪ੍ਰਾਪਤ ਕਰਨ ਵਾਲੀ ਕੋਈ ਕਥਾ ਜਾਂ ਸਕੂਲ ਵਿੱਚ ਸਕੂਲ ਲੈਵਲ ਤੇ ਨੁਕੜ ਨਾਟਕ ਦਾ ਮੰਚਨ ਵੀ ਕੀਤਾ ਜਾ ਸਕਦਾ ਹੈ।

3.0 ਉਪਰੋਕਤ ਹੁਕਮਾਂ ਦੀ ਪਾਲਣਾ ਕੀਤੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**